# ਆਤਸ਼ਕ
# Syphilis

## ਆਤਸ਼ਕ ਕੀ ਹੈ?

ਆਤਸ਼ਕ ਬੈਕਟੀਰੀਆ ਕਰਕੇ ਹੋਣ ਵਾਲਾ ਵਿਗਾੜ ਹੈ। ਵਿਗਾੜ ਦੇ 4 ਪੜਾਅ ਹੁੰਦੇ ਹਨ: ਮੁਢਲਾ, ਸੈਕੰਡਰੀ, ਅਗੇਤਾ ਲੁਪਤ (early latent) ਅਤੇ ਪਛੇਤਾ ਲੁਪਤ (late latent)।

## ਮੈਨੂੰ ਆਤਸ਼ਕ ਕਿਵੇਂ ਹੋ ਸਕਦਾ ਹੈ?

ਤੁਹਾਨੂੰ ਲਾਗ ਵਾਲੇ ਕਿਸੇ ਹੋਰ ਵਿਅਕਤੀ ਨਾਲ ਨਜ਼ਦੀਕੀ ਸੰਪਰਕ ਜਾਂ ਜਿਨਸੀ ਸੰਪਰਕ ਤੋਂ ਆਤਸ਼ਕ ਹੋ ਸਕਦਾ ਹੈ। ਆਤਸ਼ਕ ਇਹਨਾਂ ਦੁਆਰਾ ਫੈਲਦਾ ਹੈ:

- ਆਤਸ਼ਕ ਦੇ ਫੋੜੇ (ਜ਼ਖਮ) ਜਾਂ ਰੈਸ਼ ਨਾਲ ਚਮੜੀ ਤੋਂ ਚਮੜੀ ਦਾ ਸੰਪਰਕ। ਇਹ ਕਿਸੇ ਵਿਅਕਤੀ ਦੇ ਮੂੰਹ, ਜਣਨ ਅੰਗਾਂ, ਜਾਂ ਗੁਦੇ ਦੇ ਬਾਹਰੀ ਜਾਂ ਅੰਦਰੂਨੀ ਸੰਪਰਕ ਦੁਆਰਾ ਹੋ ਸਕਦਾ ਹੈ ਜਦੋਂ ਕੋਈ ਫੋੜਾ ਜਾਂ ਧੱਫੜ ਮੌਜੂਦ ਹੁੰਦਾ ਹੈ
- ਸਰੀਰਕ ਤਰਲਾਂ ਦਾ ਆਦਾਨ-ਪ੍ਰਦਾਨ ਕਰਨ ਨਾਲ, ਜਿਵੇਂ ਕਿ ਖੂਨ, ਵੀਰਜ, ਜਾਂ ਯੋਨੀ ਤਰਲ
- ਸੈਕਸ ਖਿਡੌਣੇ ਸਾਂਝੇ ਕਰਨ ਨਾਲ
- ਆਤਸ਼ਕ ਗਰਭ ਅਵਸਥਾ ਜਾਂ ਜਨਮ ਦੌਰਾਨ ਵੀ ਤੁਹਾਡੇ ਬੱਚੇ ਤੱਕ ਫੈਲ ਸਕਦਾ ਹੈ। ਇਸ ਨੂੰ ਕੰਨਜੈਨੀਟਲ ਸਿਫਲਿਸ (congenital syphilis) ਕਿਹਾ ਜਾਂਦਾ ਹੈ।

ਜਦੋਂ ਕਿ ਕਿਸੇ ਨੂੰ ਵੀ ਆਤਸ਼ਕ ਹੋ ਸਕਦਾ ਹੈ, ਬੀ.ਸੀ. ਵਿੱਚ ਆਤਸ਼ਕ ਦੀ ਤਸ਼ਖ਼ੀਸ ਕੀਤੇ ਗਏ ਜ਼ਿਆਦਾਤਰ ਲੋਕ ਅਜਿਹੇ ਪੁਰਸ਼ ਹਨ ਜੋ ਗੇ, ਬਾਇਸੈਕਸੁਅਲ, ਜਾਂ ਮਰਦਾਂ ਨਾਲ ਸੈਕਸ ਕਰਨ ਵਾਲੇ ਪੁਰਸ਼ (gbMSM) ਵਜੋਂ ਪਛਾਣ ਕਰਦੇ ਹਨ। ਪਰੰਤੂ, ਸਿਸਜੈਂਡਰ (cisgender) ਔਰਤਾਂ ਵਿੱਚ ਆਤਸ਼ਕ ਦੀਆਂ ਹਾਲੀਆ ਦਰਾਂ ਬਹੁਤ ਵੱਧ ਗਈਆਂ ਹਨ ਜਿੰਨ੍ਹਾਂ ਦਾ ਨਤੀਜਾ ਕੰਨਜੈਨੀਟਲ ਸਿਫਲਿਸ ਦੇ ਕੇਸ ਹਨ।

ਆਤਸ਼ਕ ਲਾਗ ਦੇ 4 ਪੜਾਵਾਂ ਵਿੱਚੋਂ ਕਿਸੇ ਵੀ ਦੌਰਾਨ ਸੰਚਾਰਿਤ ਹੋ ਸਕਦਾ ਹੈ। ਜੇਕਰ ਤੁਹਾਨੂੰ ਪਹਿਲਾਂ ਤੋਂ ਹੀ ਕੋਈ ਹੋਰ ਜਿਨਸੀ ਤੌਰ 'ਤੇ ਸੰਚਾਰਿਤ ਲਾਗ (STI) ਹੈ ਤਾਂ ਤੁਹਾਨੂੰ ਆਤਸ਼ਕ ਹੋਣ ਦਾ ਜੋਖਮ ਵੱਧ ਹੈ।

## ਲੱਛਣ ਕੀ ਹਨ?

ਆਤਸ਼ਕ ਦੇ ਹਰ ਪੜਾਅ ਦੇ ਲੱਛਣਾਂ ਦੇ ਵੱਖ ਵੱਖ ਸੈੱਟ ਹੁੰਦੇ ਹਨ। ਲੱਛਣ ਵੱਖ ਵੱਖ ਹੋ ਸਕਦੇ ਹਨ ਜਾਂ ਇੰਨੇ ਹਲਕੇ ਹੋ ਸਕਦੇ ਹਨ ਕਿ ਸੰਭਵ ਹੈ ਕਿ ਤੁਹਾਨੂੰ ਪਤਾ ਹੀ ਨਾ ਹੋਏ ਕਿ ਤੁਸੀਂ ਵਿਗਾੜਗ੍ਰਸਤ ਹੋ।

### ਮੁਢਲਾ ਪੜਾਅ

ਮੁਢਲੇ ਪੜਾਅ ਦੇ ਦੌਰਾਨ, ਤੁਹਾਡੇ ਸਰੀਰ ਦੀ ਕਿਸੀ ਵੀ ਅਜਿਹੀ ਜਗ੍ਹਾ ਤੇ ਇੱਕ ਦਰਦ ਰਹਿਤ ਜ਼ਖਮ ਵਿਕਸਤ ਹੋ ਸਕਦਾ ਹੈ ਜਿਸਦਾ ਵਿਗਾੜਗ੍ਰਸਤ ਵਿਅਕਤੀ ਦੇ ਨਾਲ ਸੰਪਰਕ ਹੋਇਆ ਸੀ। ਜ਼ਖਮ ਆਮਤੌਰ ਤੇ ਵਿਗਾੜ ਪ੍ਰਾਪਤ ਕਰਨ ਤੋਂ ਬਾਅਦ 3 ਤੋਂ 90 ਦਿਨਾਂ ਵਿਚਕਾਰ ਕਿਧਰੇ ਵੀ ਦਿਖਾਈ ਦੇ ਸਕਦਾ ਹੈ। ਅਕਸਰ, ਜ਼ਖਮ ਤੁਹਾਡੇ ਸਰੀਰ ਤੇ ਧਿਆਨਦੇਣਯੋਗ ਨਹੀਂ ਹੋਏਗਾ। ਜ਼ਖਮ ਕੁਝ ਹਫਤਿਆਂ ਵਿੱਚ ਆਪਣੇ ਆਪ ਹੀ ਠੀਕ ਹੋ ਜਾਏਗਾ, ਪਰ ਬਿਮਾਰੀ ਦਾ ਵੱਧਣਾ ਜਾਰੀ ਰਹੇਗਾ।

### ਸੈਕੰਡਰੀ ਪੜਾਅ

ਸੈਕੰਡਰੀ ਪੜਾਅ ਆਮਤੌਰ ਤੇ ਵਿਗਾੜਗ੍ਰਸਤ ਹੋਣ ਤੋਂ ਲਗਭਗ 14 ਤੋਂ 90 ਬਾਅਦ ਸ਼ੁਰੂ ਹੁੰਦਾ ਹੈ। ਇਸ ਪੜਾਅ ਦੇ ਦੌਰਾਨ ਇੱਕ ਖਾਰਸ਼ ਤੋਂ ਬਿਨਾਂ ਰੈਸ਼ ਵਿਕਸਤ ਹੋ ਸਕਦਾ ਹੈ। ਇਹ ਰੈਸ਼ ਤੁਹਾਡੇ ਸਰੀਰ ਤੇ ਕਿਧਰੇ ਵੀ ਉਭਰ ਸਕਦਾ ਹੈ, ਪਰ ਅਕਸਰ ਤੁਹਾਡੀ ਛਾਤੀ, ਪੇਟ, ਜਣਨ ਅੰਗਾਂ, ਤੁਹਾਡੀਆਂ ਹੱਥੇਲੀਆਂ ਅਤੇ ਪੈਰਾਂ ਦੀਆਂ ਤਲੀਆਂ ਤੇ ਪਾਇਆ ਜਾਂਦਾ ਹੈ। ਸੰਭਵ ਹੈ ਕਿ ਰੈਸ਼ ਤੁਹਾਨੂੰ ਦਿਖਾਈ ਨਾ ਦੇਵੇ, ਪਰ ਤੁਸੀਂ ਹਲੇ ਵੀ ਦੂਸਰੇ ਲੋਕਾਂ ਨੂੰ ਵਿਗਾੜ੍ਰਸਤ ਕਰ ਸਕਦੇ ਹੋ। ਰੈਸ਼ ਆਮਤੌਰ ਤੇ ਗਾਇਬ ਹੋ ਜਾਂਦਾ ਹੈ ਪਰ ਇਹ ਕਈ ਮਹੀਨਿਆਂ ਬਾਅਦ ਵਾਪਸ ਆ ਸਕਦਾ ਹੈ। ਦੂਸਰੇ ਲੱਛਣਾਂ ਵਿੱਚ ਸਿਰਦਰਦ, ਬੁਖਾਰ, ਵਾਲਾਂ ਦਾ ਝੜਨਾ, ਸੁੱਜੇ ਹੋਏ ਲਸਿਕਾ ਨੋਡਜ਼ (lymph nodes) ਅਤੇ ਮੂੰਹ, ਗੁਦੇ, ਲਿੰਗ ਜਾਂ ਯੋਨੀ ਦੇ ਅੰਦਰ ਗੁੰਮੜ ਜਾਂ ਲੇਸਦਾਰ ਪੈਚ ਸ਼ਾਮਲ ਹੋ ਸਕਦੇ ਹਨ।

### ਲੁਪਤ ਪੜਾਅ (Latent stages)

ਰੈਸ਼ ਠੀਕ ਹੋ ਜਾਣ ਤੋਂ ਬਾਅਦ, ਅਤੇ ਜੇਕਰ ਤਹਾਡਾ ਇਲਾਜ ਨਹੀਂ ਕੀਤਾ ਜਾਂਦਾ, ਤਾਂ ਬਿਮਾਰੀ ਆਤਸ਼ਕ ਦੇ ਲੁਪਤ ਜਾਂ ਛੁਪੇ ਹੋਏ ਪੜਾਵਾਂ ਤੱਕ ਵੱਧ ਜਾਏਗੀ। ਲੁਪਤ ਹੋਣ ਦੀ ਮਿਆਦ 30 ਸਾਲਾਂ ਤੱਕ ਰਹਿ ਸਕਦੀ ਹੈ। ਸੰਭਵ ਹੈ ਕਿ ਇਸ ਸਮੇਂ ਦੇ ਦੌਰਾਨ ਤੁਹਾਨੂੰ ਕੋਈ ਲੱਛਣ ਨਾ ਹੋਣ।

ਆਤਸ਼ਕ ਦੇ ਦੋ ਲੁਪਤ ਪੜਾਅ ਹਨ:

- ਅਗੇਤਾ ਲੁਪਤ ਪੜਾਅ ਤਾਂ ਹੁੰਦਾ ਹੈ ਜਦੋਂ ਇੱਕ ਵਿਅਕਤੀ ਨੂੰ ਪਿਛਲੇ ਸਾਲ ਵਿੱਚ ਆਤਸ਼ਕ ਵਿਗਾੜ ਹੋਇਆ ਹੈ। 'ਅਗੇਤੀ' ਆਤਸ਼ਕ ਵਾਲੇ ਲੋਕ ਦੂਸਰਿਆਂ ਨੂੰ ਜਿਆਦਾ ਅਸਾਨੀ ਨਾਲ ਵਿਗਾੜਗ੍ਰਸਤ ਕਰ ਸਕਦੇ ਹਨ

- ਪਛੇਤਾ ਲੁਪਤ ਪੜਾਅ ਤਾਂ ਹੁੰਦਾ ਹੈ ਜਦੋਂ ਇੱਕ ਵਿਅਕਤੀ ਨੂੰ 1 ਸਾਲ ਤੋਂ ਵੱਧ ਲਈ ਆਤਸ਼ਕ ਵਿਗਾੜ ਹੈ

## ਆਤਸ਼ਕ ਲਈ ਜਾਂਚ ਕਿਵੇਂ ਕਰਵਾਈ ਜਾਏ

ਆਤਸ਼ਕ ਦੇ ਕੋਈ ਵੀ ਲੱਛਣਾਂ, ਜਿਵੇਂ ਕਿ ਫੋੜੇ ਜਾਂ ਧੱਫੜ, ਦੀ ਜਾਂਚ ਕਰਵਾਉਣ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਮਿਲੋ। ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਡੇ ਖੂਨ ਦੀ ਜਾਂਚ ਕਰਵਾਉਣ ਲਈ ਤੁਹਾਨੂੰ ਲੈਬ ਵਿੱਚ ਜਾਂਚ ਕਰਨ ਲਈ ਰੈਫਰਲ ਦੇ ਸਕਦਾ ਹੈ।

ਇਹ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਕਿਸੇ ਵੀ ਵਿਅਕਤੀ ਜਿਸ ਦੇ ਇੱਕ ਤੋਂ ਵੱਧ ਜਿਨਸੀ ਸਾਥੀ ਹਨ, ਦੀ ਹਰ 3 ਤੋਂ 6 ਮਹੀਨਿਆਂ ਵਿੱਚ ਜਾਂ ਲੱਛਣ ਹੋਣ 'ਤੇ ਤੁਰੰਤ ਆਤਸ਼ਕ ਲਈ ਜਾਂਚ ਕੀਤੀ ਜਾਵੇ।

ਕੋਈ ਵੀ ਵਿਅਕਤੀ ਜੋ ਗਰਭਵਤੀ ਹੈ ਦੀ ਮੁਢਲੀ ਪ੍ਰੀਨੇਟਲ ਸਕ੍ਰੀਨਿੰਗ ਦੇ ਹਿੱਸੇ ਵਜੋਂ ਅਤੇ ਇਸਦੇ ਨਾਲ ਹੀ ਡਲਿਵਰੀ ਦੇ ਸਮੇਂ ‘ਤੇ ਆਤਸ਼ਕ ਵਾਸਤੇ ਸਕ੍ਰੀਨਿੰਗ ਕੀਤੀ ਜਾਂਦੀ ਹੈ। ਜੇ ਤੁਸੀਂ ਗਰਭਵਤੀ ਹੋ, ਤਾਂ ਆਤਸ਼ਕ ਸਮੇਤ STIs ਹੋਣ ਦੇ ਆਪਣੇ ਜੋਖਮ ਬਾਰੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਗੱਲ ਕਰੋ। ਉਹ ਇਹ ਨਿਰਧਾਰਤ ਕਰਨ ਵਿੱਚ ਮਦਦ ਕਰ ਸਕਦੇ ਹਨ ਕਿ ਕੀ ਤੁਹਾਨੂੰ STI ਸਕ੍ਰੀਨਿੰਗ ਦੀ ਲੋੜ ਹੈ।

ਬੀ.ਸੀ. ਵਿੱਚ ਸਭ ਤੋਂ ਨਜ਼ਦੀਕੀ ਜਾਂਚ ਕਲੀਨਿਕ ਦਾ ਪਤਾ ਲਗਾਉਣ ਲਈ ਜਾਂ ਆਨਲਾਈਨ ਜਾਂਚ ਕਰਵਾਉਣ ਲਈ https://smartsexresource.com/sex-talk/talk-about-it ਸਮਾਰਟ ਸੈਕਸ ਰਿਸੋਰਸ ਤੇ ਜਾਓ ਅਤੇ/ਜਾਂ https://getcheckedonline.com ਤੇ ਆਨਲਾਇਨ ਜਾਂਚ ਕਰਵਾਓ।

## ਜਟਿਲਤਾਵਾਂ ਕੀ ਹਨ?

ਜੇ ਆਤਸ਼ਕ ਲਈ ਤੁਹਾਡਾ ਇਲਾਜ ਨਹੀਂ ਕੀਤਾ ਜਾਂਦਾ, ਤਾਂ ਵਿਗਾੜ ਦੇ ਸ਼ੁਰੂਆਤ ਵਿੱਚ ਜਾਂ ਕਈ ਸਾਲਾਂ ਤੋਂ ਬਾਅਦ ਜਟਿਲਤਾਵਾਂ ਵਾਪਰ ਸਕਦੀਆਂ ਹਨ। ਜਟਿਲਤਾਵਾਂ ਤੰਤੂਆਂ ਸੰਬੰਧੀ ਹੋ ਸਕਦੀਆਂ ਹਨ (ਜਿਵੇਂ ਕਿ ਸੁਣਨ ਸ਼ਕਤੀ ਜਾਂ ਦ੍ਰਿਸ਼ਟੀ ਦੀ ਕਮੀ, ਜਾਂ **ਚੱਕਰ ਆਉਣੇ**) ਜਾਂ ਤੁਹਾਡੇ ਦਿਮਾਗ, ਦਿਲ ਅਤੇ ਤੁਹਾਡੇ ਸਰੀਰ ਵਿਚਲੇ ਦੂਸਰੇ ਅੰਗਾਂ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ, ਜਿਸ ਕਰਕੇ ਮੌਤ ਹੋ ਸਕਦੀ ਹੈ।

ਗਰਭ ਅਵਸਥਾ ਦੇ ਦੌਰਾਨ ਇਲਾਜ ਨਾ ਕੀਤੇ ਗਏ ਆਤਸ਼ਕ ਕਰਕੇ ਉਸਦੇ ਬੱਚੇ ਲਈ ਗੰਭੀਰ ਜਟਿਲਤਾਵਾਂ ਹੋ ਸਕਦੀਆਂ ਹਨ, ਜਿਵੇਂ ਕਿ ਗਰਭਪਾਤ, ਸਮੇਂ ਤੋਂ ਪਹਿਲਾਂ ਜਨਮ ਜਾਂ ਬੱਚੇ ਦਾ ਮਰਿਆ ਹੋਇਆ ਪੈਦਾ ਹੋਣਾ, ਜਨਮ ਸਮੇਂ ਘੱਟ ਭਾਰ, ਜਾਂ ਉਸ ਕਰਕੇ ਬੱਚਾ ਆਤਸ਼ਕ ਦੇ ਨਾਲ ਪੈਦਾ ਹੋ ਸਕਦਾ ਹੈ।

## ਇਲਾਜ ਕੀ ਹੈ?

ਕਿਸੀ ਵੀ ਪੜਾਅ ਦੇ ਦੌਰਾਨ, ਆਤਸ਼ਕ ਦਾ ਇਲਾਜ ਐਂਟੀਬਾਇਓਟਿਕਾਂ ਨਾਲ ਕੀਤਾ ਜਾ ਸਕਦਾ ਹੈ। ਐਂਟੀਬਾਇਓਟਿਕ ਇਲਾਜ ਪਛੇਤੇ ਲੁਪਤ ਪੜਾਅ ਵਿੱਚ ਆਤਸ਼ਕ ਦੁਆਰਾ ਪਹਿਲਾਂ ਹੀ ਕੀਤੇ ਜਾ ਚੁੱਕੇ ਨੁਕਸਾਨ ਨੂੰ ਠੀਕ ਨਹੀਂ ਕਰ ਸਕਦਾ, ਪਰ ਉਹ ਅਗੇ ਹੋਣ ਵਾਲੇ ਨੁਕਸਾਨ ਨੂੰ ਰੋਕ ਸਕਦਾ ਹੈ। ਇਲਾਜ ਤੋਂ ਬਾਅਦ, ਤੁਹਾਨੂੰ ਇਹ ਯਕੀਨੀ ਬਣਾਉਣ ਲਈ ਖੂਨ ਦੇ ਟੈਸਟ ਕਰਵਾਉਣੇ ਚਾਹੀਦੇ ਹਨ ਕਿ ਇਲਾਜ ਨੇ ਕੰਮ ਕਰ ਦਿੱਤਾ ਹੈ।

ਪਿਛਲੇ 3 ਤੋਂ 12 ਮਹੀਨਿਆਂ ਦੇ ਅੰਦਰ ਤੁਹਾਡੇ ਜਿਨਸੀ ਸਾਥੀਆਂ ਦੀ ਆਤਸ਼ਕ ਲਈ ਜਾਂਚ ਅਤੇ ਇਲਾਜ ਕੀਤਾ ਜਾਣਾ ਚਾਹੀਦਾ ਹੈ। ਇਹ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਤੁਹਾਨੂੰ ਆਤਸ਼ਕ ਦਾ ਕਿਹੜੀ ਅਵਸਥਾ ਦਾ ਪਤਾ ਲੱਗਾ ਹੈ। ਤੁਹਾਡੇ ਅਤੇ ਤੁਹਾਡੇ ਸਾਥੀ(ਆਂ) ਦੇ ਇਲਾਜ ਪੂਰਾ ਕਰ ਲੈਣ ਤੋਂ 2 ਹਫਤੇ ਬਾਅਦ ਤੱਕ ਅਤੇ ਤੁਹਾਡੇ ਇਹ ਪੁਸ਼ਟੀ ਕਰ ਲੈਣ ਤੱਕ ਕਿ ਇਲਾਜ ਪ੍ਰਭਾਵਸ਼ਾਲੀ ਸੀ, ਸੈਕਸ ਨਾ ਕਰੋ।

## ਜੇ ਮੈਂ ਐਂਟੀਬਾਇਓਟਿਕ ਲੈ ਰਹੀ ਹਾਂ ਤਾਂ ਕੀ ਮੇਰੀਆਂ ਗਰਭ ਨਿਰੋਧਕ ਗੋਲੀਆਂ ਕੰਮ ਕਰਨਗੀਆਂ?

ਅਜਿਹਾ ਦਿਖਾਉਣ ਲਈ ਬਹੁਤ ਘੱਟ ਪ੍ਰਮਾਣ ਹਨ ਕਿ ਐਂਟੀਬਾਇਓਟਿਕ ਕਰਕੇ ਗਰਭ ਨਿਰੋਧਕਾਂ ਦੀਆਂ ਹਾਰਮੋਨਲ ਕਿਸਮਾਂ ਕੰਮ ਨਹੀਂ ਕਰਦੀਆਂ। ਗਰਭ ਨਿਰੋਧਕਾਂ ਦੀਆਂ ਹਾਰਮੋਨਲ ਕਿਸਮਾਂ ਵਿੱਚ ਸ਼ਾਮਲ ਹਨ ਗੋਲੀ, ਪੈਚ, ਰਿੰਗ ਜਾਂ ਸ਼ੋਟ (shot)। ਜੇ ਤੁਹਾਡਾ ਇਲਾਜ ਐਂਟੀਬਾਇਓਟਿਕਾਂ ਨਾਲ ਕੀਤਾ ਜਾ ਰਿਹਾ ਹੈ, ਤਾਂ ਆਪਣਾ ਗਰਭ ਨਿਰੋਧਕ ਉਸ ਤਰ੍ਹਾਂ ਹੀ ਵਰਤਦੇ ਰਹਿਣਾ ਜਾਰੀ ਰੱਖਣਾ ਮਹੱਤਵਪੂਰਨ ਹੈ ਜਿਵੇਂ ਤੁਸੀਂ ਆਮਤੌਰ ਤੇ ਕਰੋਗੇ। ਜੇ ਤੁਹਾਡੀਆਂ ਚਿੰਤਾਵਾਂ ਹਨ, ਤਾਂ ਐਂਟੀਬਾਇਓਟਿਕ ਖਤਮ ਕਰਨ ਤੋਂ ਬਾਅਦ ਆਪਣਾ ਅਗਲਾ ਪੀਰੀਅਡ ਆਉਣ ਤੱਕ ਕੌਂਡੰਮ ਵੀ ਵਰਤੋ ਜਾਂ ਹੋਰ ਜਾਣਕਾਰੀ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

## ਹੋਰ ਜਾਣਕਾਰੀ ਲਈ

ਤੁਸੀਂ STI ਹੋਣ ਦੇ ਆਪਣੇ ਸੰਜੋਗ ਨੂੰ ਘਟਾਉਣ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ, HealthLinkBC File #08o ਸੰਭੋਗ ਦੁਆਰਾ ਸੰਚਾਰਿਤ ਵਿਗਾੜਾਂ (ਐਸਟੀਆਈ(ਾਂ)) ਦੀ ਰੋਕਥਾਮ ਦੇਖੋ।

BC Centre for Disease Control
Provincial Health Services Authority